**ਪੰਜਾਬ ਸਕੂਲ ਸਿੱਖਿਆ ਬੋਰਡ**

**(ਐਫੀਲੀਏਸ਼ਨ ਸ਼ਾਖਾ)**

ਵੱਲ:

ਪ੍ਰਿੰਸੀਪਲ/ਮੁੱਖ ਅਧਿਆਪਕ,

ਪੰਜਾਬ ਰਾਜ ਦੇ ਸਮੂਹ ਐਸੋਸੀਏਟ ਸਕੂਲਜ਼,

ਨੰਬਰ: ਪਸਸਬ-ਐਫੀ:(ਐਸੋ):2020/...43...... ਮਿਤੀ:..12-06-2020

ਵਿਸ਼ਾ:- ਐਸੋਸੀਏਟ ਸਕੂਲਾਂ ਦੇ ਅਕਾਦਮਿਕ ਸਾਲ 2020-2021 ਦੇ ਵਾਧੇ ਸਬੰਧੀ।

*********

ਪੰਜਾਬ ਸਰਕਾਰ ਵੱਲੋਂ ਲਏ ਗਏ ਫੈਸਲੇ ਅਨੁਸਾਰ ਬੋਰਡ ਨਾਲ ਸਬੰਧਤ ਐਸੋਸੀਏਟਿਡ ਸਕੂਲਾਂ ਲਈ ਅਕਾਦਮਿਕ ਸਾਲ 2020-21 ਲਈ ਨਵੇਂ ਨਾਰਮਸ(New Norms) ਸਹਿਤ ਮਿਤੀ: 31-03-2021 ਤੱਕ ਵਾਧੇ ਦੀ ਪ੍ਰਵਾਨਗੀ ਦਿੱਤੀ ਗਈ ਹੈ। ਐਸੋਸੀਏਟਿਡ ਸੰਸਥਾਵਾਂ ਲਈ ਸਰਕਾਰ ਵੱਲੋਂ ਹੇਠ ਦਰਸਾਏ ਅਨੁਸਾਰ ਨਾਰਮਸ ਨਿਰਧਾਰਿਤ ਕੀਤੇ ਗਏ ਹਨ:-

1. ਮੈਟ੍ਰਿਕ ਸ਼੍ਰੇਣੀ ਤੱਕ 500 ਵਰਗ ਗਜ਼ ਜਾਂ 1.19 ਵਰਗ ਗਜ਼ ਕਾਰਪੇਟ ਖੇਤਰ ਪ੍ਰਤੀ ਵਿਦਿਆਰਥੀ ਜੋ ਵੀ ਵੱਧ ਹੋਵੇ ਅਤੇ ਸੀਨੀਅਰ ਸੈਕੰਡਰੀ ਤੱਕ 750 ਵਰਗ ਗਜ਼ ਜਾਂ 1.19 ਵਰਗ ਗਜ਼ ਕਾਰਪੇਟ ਖੇਤਰ ਪ੍ਰਤੀ ਵਿਦਿਆਰਥੀ ਜੋ ਵੀ ਵੱਧ ਹੋਵੇ। ਸੰਸਥਾ ਵੱਲੋਂ ਚੀਫ ਟਾਊਨ ਪਲਾਨਰ / ਸਮੱਰਥ ਅਥਾਰਟੀ ਵੱਲੋਂ ਜਾਰੀ ਪ੍ਰਵਾਨਿਤ ਨਕਸ਼ਾ ਅਤੇ C.L.U ਜਮ੍ਹਾ ਕਰਵਾਏ ਜਾਣਗੇਂ।
2. ਕਮਰਿਆਂ ਦਾ ਸਾਈਜ਼ (20' × 15')

   ਪਹਿਲੀ ਤੋਂ ਦਸਵੀਂ ਸ਼੍ਰੇਣੀ ਲਈ 10 ਕਮਰੇ

   ਪਹਿਲੀ ਤੋਂ ਬਾਰ੍ਹਵੀਂ ਸ਼੍ਰੇਣੀ ਲਈ 14 ਕਮਰੇ ਪ੍ਰਤੀ ਗਰੁੱਪ

   ਪਲੱਸ 2 rooms extra in case of vocational affiliation (one for each class i.e XI & XII)
3. ਲੈਬੋਟਰੀ ਦਾ ਸਾਈਜ 20' × 15' ਹੋਵੇਗਾ ਅਤੇ ਹਰ ਵੋਕੇਸ਼ਨਲ ਟਰੇਡ ਲਈ ਇਕ ਵਰਕਸ਼ਾਪ ਜਿਸ ਦਾ ਸਾਈਜ 33'X33'(10m x 10m) ਹੋਣਾ ਜਰੂਰੀ ਹੈ।
4. ਸਕੂਲ ਵਿੱਚ 20' × 15' ਸਾਈਜ ਦੀ ਇਕ ਕੰਪਿਊਟਰ ਲੈਬ ਹੋਣੀ ਚਾਹੀਦੀ ਹੈ ਜਿਸ ਵਿੱਚ ਇਕ ਸੈਕਸ਼ਨ ਲਈ ਘੱਟੋਂ ਘੱਟ 10 ਕੰਪਿਊਟਰ ਹੋਣੇ ਚਾਹੀਦੇ ਹਨ ਅਤੇ ਵਿਦਿਆਰਥੀਆਂ ਦੀ ਗਿਣਤੀ 500 ਤੱਕ ਹੋਵੇ।
5. ਫੀਸਾਂ ਸਬੰਧੀ The Punjab Regulation of fee of Educational Institutional Act, 2016 ਲਾਗੂ ਹੋਵੇਗਾ ।
6. ਸਿਲੇਬਸ ਪਾਠ-ਪੁਸਤਕਾਂ ਅਤੇ ਕੋਰਸਿਜ਼ ਬੋਰਡ ਦੁਆਰਾ ਨਿਰਧਾਰਤ ਕੀਤੇ ਅਨੁਸਾਰ ਹੋਣਗੇ।
7. ਲਾਇਬ੍ਰੇਰੀ ਲਈ ਪੁਸਤਕਾਂ ਦੀ ਗਿਣਤੀ

   i). ਦਸਵੀਂ ਸ਼੍ਰੇਣੀ ਤੱਕ ਘੱਟੋਂ ਘੱਟ 500 ਪੁਸਤਕਾਂ

   ii). ਸੀਨੀਅਰ ਸੈਕੰਡਰੀ ਸ਼੍ਰੇਣੀ ਤੱਕ (ਪਹਿਲਾ ਗਰੁੱਪ) ਘੱਟੋਂ ਘੱਟ 750 ਪੁਸਤਕਾਂ ਅਤੇ ਸੀਨੀਅਰ ਸੈਕੰਡਰੀ ਦੇ ਹਰ ਵਾਧੂ ਗਰੁੱਪ ਲਈ ਘੱਟੋ ਘੱਟ 100 ਹੋਰ ਪੁਸਤਕਾਂ ਲਾਜ਼ਮੀ ਹਨ।

Scanned by CamScanner

8. ਜੇਕਰ ਸਕੂਲ ਕੋਲ ਆਪਣਾ ਖੇਡ ਦਾ ਮੈਦਾਨ ਨਹੀਂ ਹੈ ਤਾਂ ਖੇਡ ਦੇ ਮੈਦਾਨ ਲਈ Local bodies ਨਾਲ ਕੋਈ arrangement ਹੋਣਾ ਚਾਹੀਦਾ ਹੈ (ਸਬੂਤ ਵਜੋਂ ਦਸਤਾਵੇਜ ਨੱਥੀ ਕੀਤੇ ਜਾਣ)।

9. ਟੀਚਿੰਗ ਅਮਲੇ ਨੂੰ ਰਾਜ ਸਰਕਾਰ ਵੱਲੋਂ ਰੈਗੂਲਰ ਕਰਮਚਾਰੀਆਂ ਲਈ ਲਾਗੂ ਪੇਅ-ਬੈਂਡ ਅਤੇ ਗ੍ਰੇਡ ਪੇਅ ਵਿੱਚ ਘੱਟੋਂ ਘੱਟ ਸਕੇਲ ਦੀ ਨਿਰੰਤਰ ਅਦਾਇਗੀ ਕੀਤੀ ਜਾਵੇਗੀ। ਤਨਖਾਹ ਦੀ ਅਦਾਇਗੀ ਬੈਂਕ ਖਾਤੇ ਰਾਹੀਂ ਕੀਤੀ ਜਾਵੇਗੀ। ਪ੍ਰੌਵੀਡੰਟ ਫੰਡ ਅਤੇ ਈ.ਐਸ.ਆਈ ਦੀਆਂ ਕਟੌਤੀਆਂ ਸਬੰਧਤ ਐਕਟ ਅਤੇ ਕਾਨੂੰਨ ਅਨੁਸਾਰ ਕੀਤੀਆਂ ਜਾਣਗੀਆਂ।

10. ਟੀਚਿੰਗ ਅਮਲੇ ਦੀਆਂ ਵਿੱਦਿਅਕ ਯੋਗਤਾਵਾਂ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਸਮੇਂ ਸਮੇਂ ਤੇ ਨਿਰਧਾਰਤ ਕੀਤੇ ਅਨੁਸਾਰ ਹੋਣਗੀਆਂ। ਲੇਕਿਨ ਪ੍ਰਬੰਧਕ ਕਮੇਟੀ ਵੱਲੋਂ ਸਕੂਲ ਮੁੱਖੀ ਦੇ ਕਾਰਜਕਾਲ ਵਿੱਚ 2 ਸਾਲ ਜਾਂ 62 ਸਾਲ ਦੀ ਉਮਰ ਤੱਕ, ਜੋ ਵੀ ਪਹਿਲਾ ਹੋਵੇ, ਦਾ ਵਾਧਾ ਕੀਤਾ ਜਾ ਸਕਦਾ ਹੈ ਜਾਂ ਸੇਵਾ ਨਿਵਿਰਤੀ ਭਾਵ 58 ਸਾਲ ਦੀ ਉਮਰ ਉਪਰੰਤ ਨਵੇਂ ਮੁੱਖੀ ਦੀ ਨਿਯੁਕਤੀ ਕੰਟਰੈਕਟ ਅਧਾਰ ਤੇ ਕੀਤੀ ਜਾ ਸਕਦੀ ਹੈ।

ਸਰਕਾਰ ਵੱਲੋਂ ਲਏ ਗਏ ਫੈਸਲੇ ਅਨੁਸਾਰ ਜਿਹੜੀਆਂ ਸੰਸਥਾਵਾਂ ਉਪਰੋਕਤ ਦਰਜ ਨਾਰਮਸ ਮਿਤੀ: 31-12-2020 ਤੱਕ ਪੂਰੇ ਕਰਨ ਸਬੰਧੀ ਕੰਨਟੀਨਿਊਸਨ ਪ੍ਰੋਫਾਰਮਾ ਭਰਨ ਸਮੇਂ ਨਾਲ ਨੱਥੀ (ਅਨੁਲੱਗ 'ੳ') ਅਨੁਸਾਰ ਅੰਡਰਟੇਕਿੰਗ ਦੇਣਗੀਆਂ ਕੇਵਲ ਉਹਨਾਂ ਸੰਸਥਾਵਾਂ ਨੂੰ ਹੀ ਮਿਤੀ: 31-03-2021 ਤੱਕ ਐਸੋਸੀਏਟ ਸਕੂਲ ਚਲਾਉਣ ਦੀ ਆਗਿਆ ਹੋਵੇਗੀ।

ਜਿਹੜੇ ਸਕੂਲ ਉਕਤ ਦਰਜ ਨਾਰਮਜ਼ ਨੂੰ ਪੂਰਾ ਨਹੀਂ ਕਰਦੇ:-

i). ਉਹ ਸਕੂਲ ਮਿਤੀ: 31-03-2021 ਤੋਂ ਬੰਦ ਹੋ ਜਾਣਗੇਂ।

ਜਾਂ

ii). ਉਹ ਸਕੂਲ ਸਮਰੱਥ ਅਥਾਰਿਟੀ (ਸਿੱਖਿਆ ਵਿਭਾਗ/ਬੋਰਡ) ਦੀ ਪ੍ਰਵਾਨਗੀ ਨਾਲ ਕੇਵਲ ਪ੍ਰੀ-ਪ੍ਰਾਇਮਰੀ ਜਮਾਤਾਂ (3 ਤੋਂ 6 ਸਾਲ) ਪਹਿਲੀ ਅਤੇ ਦੂਜੀ ਸ਼੍ਰੇਣੀ ਤੱਕ ਸਕੂਲ ਚਲਾ ਸਕਣਗੇ।

ਇਸ ਮੰਤਵ ਲਈ ਸਕੂਲਾਂ ਵੱਲੋਂ ਭਰਿਆ ਜਾਣ ਵਾਲਾ ਕੰਨਟੀਨਿਊਸ਼ਨ ਪ੍ਰੋਫਾਰਮਾ ਬੋਰਡ ਦੀ ਵੈਬ ਸਾਈਟ www.pseb.ac.in ਤੇ ਉਪਲੱਬਧ ਹੈ।

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ।

Scanned by CamScanner

## ਅੰਡਰਟੇਕਿੰਗ

(ਅਨੁਲੱਗ 'ੳ')

ਮੈਂ /ਅਸੀਂ ........................................................................ ਅਹੁੱਦਾ ..............................................

ਸਕੂਲ ਦਾ ਨਾਂ ..........................................................................................................................

ਪਤਾ: ....................................................................................................................................

ਫੋਨ ਨੰ: .......................................... ਹੇਠ ਲਿਖੇ ਅਨੁਸਾਰ ਅੰਡਰਟੇਕਿੰਗ ਦਿੰਦਾ /ਦਿੰਦੀ/ਦਿੰਦੇ ਹਾਂ ਕਿ :-

1. ਮੈਂ /ਅਸੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਸੋਸੀਏਟ ਸਕੂਲਾਂ ਦੇ ਅਕਾਦਮਿਕ ਸਾਲ 2020-21 ਦੇ ਵਾਧੇ ਸਬੰਧੀ ਜਾਰੀ ਪੱਤਰ ਨੰ:ਪਸਸਬ-ਐਫੀ:(ਐਸੋ:)/2020/......43.........ਮਿਤੀ..12-06-2020 ਵਿੱਚ ਸਰਕਾਰ ਵੱਲੋਂ ਐਸੋਸੀਏਟ ਸੰਸਥਾਵਾਂ ਲਈ ਐਫੀਲੀਏਸ਼ਨ ਲੈਣ ਹਿੱਤ ਨਿਰਧਾਰਤ ਨਾਰਮਸ ਚੰਗੀ ਤਰ੍ਹਾਂ ਪੜ੍ਹ ਲਏ ਹਨ।

2. ਮੈਂ/ਅਸੀਂ .................................................................................. ਸਰਕਾਰ ਵੱਲੋਂ ਨਿਰਧਾਰਤ ਸਾਰੇ ਨਾਰਮਸ ਮਿਤੀ:31-12-2020 ਤੱਕ ਪੂਰੇ ਕਰਨ ਲਈ ਪਾਬੰਧ ਹੋਵਾਗੇਂ। ਜੇਕਰ ਅਸੀਂ ਸਰਕਾਰ ਵੱਲੋਂ ਨਿਰਧਾਰਤ ਨਵੇਂ ਨਾਰਮਸ ਨੂੰ ਮਿਤੀ: 31-12-2020 ਤੱਕ ਪੂਰਾ ਨਹੀਂ ਕਰਦੇ ਤਾਂ ਅਸੀਂ ਮਿਤੀ: 31-03-2021 ਨੂੰ ਆਪਣਾ ਸਕੂਲ ਬੰਦ ਕਰ ਦੇਵਾਂਗੇ ਜਾਂ ਕੇਵਲ ਪ੍ਰੀ-ਪ੍ਰਾਇਮਰੀ ਜਮਾਤਾਂ (3 ਤੋਂ 6 ਸਾਲ) ਅਤੇ ਪਹਿਲੀ ਅਤੇ ਦੂਜੀ ਸ਼੍ਰੇਣੀ ਲਈ ਸਕੂਲ ਚਲਾਵਾਂਗੇ। ਇਸ ਤੋਂ ਇਲਾਵਾ ਜੇਕਰ ਸਰਕਾਰ/ਬੋਰਡ ਵੱਲੋਂ ਕੋਈ ਹੋਰ ਫੈਸਲਾ ਹੋਵੇਗਾ ਤਾਂ ਉਸ ਨੂੰ ਮੰਨਣ ਲਈ ਪਾਬੰਦ ਹੋਵਾਂਗੇ।

ਸਕੂਲ ਮੁੱਖੀ ਦੇ ਹਸਤਾਖਰ

ਪਤਾ/ਫੋਨ ਨੰ:

ਪ੍ਰਬੰਧਕ ਕਮੇਟੀ ਪ੍ਰਧਾਨ ਦੇ ਹਸਤਾਖਰ

ਪਤਾ/ਫੋਨ ਨੰ:

ਪੰਜਾਬ ਸਕੂਲ ਸਿੱਖਿਆ ਬੋਰਡ

(ਐਫੀਲੀਏਸ਼ਨ ਸ਼ਾਖਾ)

ਵੱਲ:

ਸਮੂਹ ਜਿਲ੍ਹਾ ਮੈਨੇਜਰ,

ਖੇਤਰੀ ਦਫਤਰ,

ਪੰਜਾਬ ਸਕੂਲ ਸਿੱਖਿਆ ਬੋਰਡ।

ਨੰ: ਪਸਸਬ-ਐਫੀ:(ਐਸੋ:)-2020/.....44..... ਮਿਤੀ.....12-06-2020

ਵਿਸ਼ਾ:- ਅਕਾਦਮਿਕ ਸਾਲ 2020-2021 ਦੀ ਕੰਟੀਨਿਊਸ਼ਨ ਫੀਸਾਂ/ ਪ੍ਰੋਫਾਰਮਾ ਖੇਤਰੀ ਦਫਤਰ ਅਤੇ ਮੁੱਖ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਜਮ੍ਹਾ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਐਸੋਸੀਏਟ ਸਕੂਲਾਂ ਦੀ ਅਕਾਦਮਿਕ ਸਾਲ 2020-2021 ਲਈ ਕੰਟੀਨਿਊਸ਼ਨ ਫੀਸ/ ਪ੍ਰੋਫਾਰਮਾ ਲੋੜੀਦੇਂ ਦਸਤਾਵੇਜ਼ (ਅਸਲ ਰਸੀਦ ਸਮੇਤ) ਮਿਤੀ 30-06-2020 ਤੱਕ ਕੰਟੀਨਿਊਸ਼ਨ ਫੀਸਾਂ ਖੇਤਰੀ ਦਫਤਰ/ਮੁੱਖ ਦਫਤਰ ਜਮ੍ਹਾਂ ਹੋਣਗੀਆਂ। ਇਹਨਾਂ ਫੀਸਾ ਦਾ ਰਿਕਾਰਡ ਆਪਣੇ ਕੋਲ ਵੀ ਰੱਖਿਆ ਜਾਵੇ ਅਤੇ ਮਿਤੀ 30-06-2020 ਤੋਂ ਬਾਅਦ 15 ਦਿਨਾਂ ਦੇ ਅੰਦਰ ਅੰਦਰ ਅਸਲ ਰਸੀਦਾਂ ਅਤੇ ਲੋੜੀਂਦੇ ਦਸਤਾਵੇਜ ਦੀਆਂ ਲਿਸਟਾਂ ਮੁੱਖ ਦਫਤਰ ਭੇਜੇ ਜਾਣ। ਮਿਤੀ: 30-06-2020 ਤੋਂ ਬਾਅਦ ਕੰਨਟੀਨਿਊਸ਼ਨ ਫੀਸ/ਪ੍ਰੋਫਾਰਮਾ ਸਮੇਤ ਦਸਤਾਵੇਜ ਮੁੱਖ ਦਫਤਰ ਵਿਖੇ ਜਮ੍ਹਾਂ ਹੋਣਗੇਂ। ਪ੍ਰੋਫਾਰਮਾ ਅਤੇ ਫੀਸਾਂ ਲੈਣ ਸਬੰਧੀ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| 1 | ਮਿਤੀ 30-06-2020 ਤੱਕ | 10,000/-ਰੁਪਏ(ਕੰਟੀਨਿਊਸ਼ਨ ਫੀਸ) |
| 2 | ਮਿਤੀ 01-07-2020 ਤੋਂ 15-07-2020 ਤੱਕ | 10,000+2,000=12,000/-ਰੁਪਏ (ਜੁਰਮਾਨੇ ਸਮੇਤ) |
| 3 | ਮਿਤੀ 16-07-2020 ਤੋਂ 31-07-2020 ਤੱਕ | 10,000+5,000= 15,000/- ਰੁਪਏ ( ਜੁਰਮਾਨੇ ਸਮੇਤ) |
| 4 | ਮਿਤੀ: 01-08-2020 ਤੋਂ 17-08-2020 ਤੱਕ | 10,000+10,000=20,000/- ਰੁਪਏ ( ਜੁਰਮਾਨੇ ਸਮੇਤ) |

ਇਸ ਤੋਂ ਇਲਾਵਾ ਕੰਨਟੀਨਿਊਸ਼ਨ ਫੀਸ ਭਰਵਾਉਣ ਸਮੇਂ ਸੰਸਥਾਵਾਂ ਤੋਂ ਸਰਕਾਰ ਵੱਲੋਂ ਨਿਰਧਾਰਤ ਨਵੇਂ ਨਾਰਮਜ਼ (new norms) ਅਨੁਸਾਰ ਅੰਡਰਟੇਕਿੰਗ (ਅਨੁੱਲਗ 'ੳ') ਲੈਣੀ ਵੀ ਯਕੀਨੀ ਬਣਾਈ ਜਾਵੇ। ਅੰਡਰਟੇਕਿੰਗ ਲੈਣ ਉਪਰੰਤ ਹੀ ਸੰਸਥਾਵਾਂ ਤੋਂ ਕੰਟੀਨਿਊਸ਼ਨ ਫੀਸ ਭਰਵਾਈ ਜਾਵੇ ।

ਨੱਥੀ : ਅੰਡਰਟੇਕਿੰਗ (ਅਨੁੱਲਗ 'ੳ') ।

12/06/2020

ਸੁਪਰਡੰਟ(ਐਫੀਲੀਏਸ਼ਨ)

ਵਾ:ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner

# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਪੰਜਾਬ ਰਾਜ ਦੇ ਐਸੋਸੀਏਟਿਡ ਸਕੂਲਾਂ ਲਈ ਅਕਾਦਮਿਕ ਸਾਲ 2020-21 ਲਈ ਕੰਟੀਨਿਊਸ਼ਨ ਪ੍ਰੋਫਾਰਮਾ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬ ਸਾਈਟ www.pseb.ac.in ਤੇ ਅਪਲੋਡ ਕਰ ਦਿੱਤਾ ਗਿਆ ਹੈ । ਇਸ ਸਬੰਧ ਵਿੱਚ ਖੇਤਰੀ ਦਫਤਰਾਂ/ਮੁੱਖ ਦਫਤਰ ਵਿੱਖੇ ਕੰਟੀਨਿਊਸ਼ਨ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ: 30-06-2020 ਹੈ। ਇਸ ਉਪਰੰਤ ਲੇਟ ਫੀਸ ਨਾਲ ਬਣਦੀ ਫੀਸ ਕੇਵਲ ਮੁੱਖ-ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ ਵਿਖੇ ਹੀ ਜਮ੍ਹਾਂ ਕੀਤੀ ਜਾਵੇਗੀ। ਵਿਸਥਾਰ-ਪੂਰਵਕ ਜਾਣਕਾਰੀ ਬੋਰਡ ਦੀ ਵੈਬ-ਸਾਈਟ ਤੇ ਉਪਲਭਧ ਹੈ ।

ਸਕੱਤਰ

ਪੰਜਾਬ ਸਕੂਲ ਸਿੱਖਿਆ ਬੋਰਡ।

Scanned by CamScanner